ਭਾਈਚਾਰੇ ਲਈ ਜਾਣਕਾਰੀ ਪੱਤਰ


A.

# ਬੈਂਗਹੋਮ ਵਿੱਚ ਨਵੇਂ ਯਾਦਗਾਰੀ ਪਾਰਕ ਬਾਰੇ ਆਪਣੀ ਰਾਏ ਦਿਓ


B.


C.

*ਤਸਵੀਰਾਂ: ਬੁਨੁਰੋਂਗ ਮੈਮੋਰੀਅਲ ਪਾਰਕ (A - C)*

ਸਦਰਨ ਮੈਟਰੋਪੋਲੀਟਨ ਸੈਮਿਟਰੀਜ਼ ਟਰੱਸਟ (SMCT) ਬੈਂਗਹੋਮ ਵਿੱਚ ਇੱਕ ਨਵਾਂ ਯਾਦਗਾਰੀ ਪਾਰਕ ਬਣਾਉਣ ਲਈ ਜ਼ਮੀਨ ਖ਼ਰੀਦਣ ਦਾ ਪ੍ਰਸਤਾਵ ਰੱਖ ਰਿਹਾ ਹੈ, ਅਤੇ ਅਸੀਂ ਇਸ ਬਾਰੇ ਤੁਹਾਡੀ ਰਾਏ ਜਾਣਨਾ ਚਾਹੁੰਦੇ ਹਾਂ।

## ਦੱਖਣ-ਪੂਰਬੀ ਮੈਲਬੌਰਨ ਦਾ ਸਮਰਥਨ ਕਰਨਾ

ਮੈਲਬੌਰਨ ਦੇ ਦੱਖਣ-ਪੂਰਬੀ ਇਲਾਕੇ ਦਾ ਭਾਈਚਾਰਾ ਵੱਧ ਰਿਹਾ ਹੈ ਅਤੇ ਇੱਥੋਂ ਦੀ ਆਬਾਦੀ ਦੀ ਉਮਰ ਵੀ ਵੱਧ ਰਹੀ ਹੈ। ਇਸ ਇਲਾਕੇ ਵਿੱਚ ਮੌਜੂਦਾ ਕਬਰਸਤਾਨਾਂ ਵਿੱਚ 15 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ, ਹੋਰ ਜਗ੍ਹਾ ਨਾ ਰਹਿਣ ਦੀ ਸੰਭਾਵਨਾ ਹੈ।

ਇੱਕ ਨਵਾਂ ਯਾਦਗਾਰੀ ਪਾਰਕ ਸਥਾਪਤ ਕਰਨ ਵਿੱਚ ਲੰਮਾ ਸਮਾਂ ਲੱਗ ਸਕਦਾ ਹੈ। ਇਸੇ ਲਈ ਅਸੀਂ ਹੁਣ ਤੋਂ ਹੀ ਯੋਜਨਾ ਬਣਾ ਰਹੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਿੰਦਗੀ ਦੇ ਸਭ ਤੋਂ ਔਖੇ ਪਲਾਂ ਦੌਰਾਨ ਪਰਿਵਾਰਾਂ ਕੋਲ ਆਪਣੀ ਪਸੰਦ ਮੁਤਾਬਕ ਚੋਣ ਕਰਨ ਦਾ ਹੱਕ ਬਣਿਆ ਰਹੇ, ਅਤੇ ਉਨ੍ਹਾਂ ਦੇ ਮਾਣ-ਸਨਮਾਨ ਦਾ ਵੀ ਖ਼ਿਆਲ ਰੱਖਿਆ ਜਾਵੇ। ਅਸੀਂ ਇਸ ਗੱਲ ਦੀ ਮਹੱਤਤਾ ਨੂੰ ਵੀ ਸਮਝਦੇ ਹਾਂ ਕਿ ਪਰਿਵਾਰਾਂ ਨੂੰ ਉਸ ਸਥਾਨਕ ਇਲਾਕੇ ਵਿੱਚ ਸੇਵਾਵਾਂ ਤੱਕ ਪਹੁੰਚ ਮਿਲੇ, ਜਿਸ ਨਾਲ ਉਹ ਸਭ ਤੋਂ ਵੱਧ ਜੁੜੇ ਹੋਏ ਮਹਿਸੂਸ ਕਰਦੇ ਹਨ।

## ਸੋਚ-ਵਿਚਾਰ ਕਰਨ ਅਤੇ ਆਪਸੀ ਮੇਲ-ਜੋਲ ਲਈ ਥਾਵਾਂ

ਅੱਜ ਦੇ ਯਾਦਗਾਰੀ ਪਾਰਕ ਕੁਦਰਤੀ ਜੀਵਨ ਨਾਲ ਭਰਪੂਰ ਹਨ। ਇਨ੍ਹਾਂ ਵਿੱਚ ਸੁੰਦਰ ਬਗੀਚੇ, ਪੈਦਲ ਚੱਲਣ ਵਾਲੇ ਰਸਤੇ ਅਤੇ ਇਕੱਠੇ ਹੋਣ ਲਈ ਥਾਵਾਂ ਹੁੰਦੀਆਂ ਹਨ। ਇਹ ਕੁਦਰਤੀ ਵਾਤਾਵਰਨ ਨੂੰ ਬਿਹਤਰ ਬਣਾਉਂਦੇ ਹਨ, ਅਤੇ ਭਾਈਚਾਰੇ ਦੇ ਲੋਕਾਂ ਨੂੰ ਆਪਸ ਵਿੱਚ ਜੁੜਨ ਦੇ ਮੌਕੇ ਪ੍ਰਦਾਨ ਕਰਦੇ ਹਨ।

## ਪ੍ਰਸਤਾਵਿਤ ਕੀਤੀ ਗਈ ਥਾਂ

SMCT ਬੈਂਗਹੋਮ ਵਿੱਚ ਬੁਨੁਰੋਂਗ ਕੰਟਰੀ ਵਿਖੇ 226-256 ਅਤੇ 306-356 ਪਿੱਲਰਜ਼ ਰੋਡ 'ਤੇ ਸਥਿਤ ਜ਼ਮੀਨ ਨੂੰ ਖ਼ਰੀਦ ਕੇ ਇਸ ਨੂੰ ਇੱਕ ਯਾਦਗਾਰੀ ਪਾਰਕ ਵਿੱਚ ਤਬਦੀਲ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਇਸ ਜ਼ਮੀਨ ਦਾ ਰਕਬਾ ਲਗਭਗ 144 ਹੈਕਟੇਅਰ ਹੈ, ਜੋ ਕਿ ਬੁਨੁਰੋਂਗ ਮੈਮੋਰੀਅਲ ਪਾਰਕ (100 ਹੈਕਟੇਅਰ) ਨਾਲੋਂ ਵੱਡਾ ਹੈ। ਇਹ M3 ਈਸਟਲਿੰਕ ਅਤੇ ਸਪਰਿੰਗਵੇਲ ਰੋਡ ਦੇ ਨੇੜੇ ਹੈ, ਜਿਸ ਕਰਕੇ ਮੈਲਬੌਰਨ ਦੇ ਦੱਖਣ-ਪੂਰਬੀ ਇਲਾਕੇ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ ਇੱਥੇ ਪਹੁੰਚਣਾ ਸੌਖਾ ਹੈ।




- ਭਾਈਚਾਰੇ ਦੇ ਇਕੱਠੇ ਹੋਣ ਲਈ ਜਗ੍ਹਾ
- 5,000 ਨਵੇਂ ਰੁੱਖ ਅਤੇ ਬਹਾਲ ਕੀਤੇ ਗਏ ਲੈਂਡਸਕੇਪ
- ਵਧੇਰੇ ਸਿਹਤਮੰਦ ਜਲ ਮਾਰਗ ਅਤੇ ਹੜ੍ਹਾਂ ਦਾ ਪ੍ਰਬੰਧਨ
- ਭਾਈਚਾਰੇ ਲਈ 12 ਕਿਲੋਮੀਟਰ ਲੰਮੇ ਪੈਦਲ ਚੱਲਣ ਵਾਲੇ ਰਸਤੇ
- ਵਾਤਾਵਰਨ ਸੰਬੰਧੀ ਸਿੱਖਿਆ ਦੇ ਮੌਕੇ
- ਸਥਾਨਕ ਰੁਜ਼ਗਾਰ ਅਤੇ ਅਰਥਚਾਰੇ ਵਿੱਚ ਯੋਗਦਾਨ

SOUTHERN METROPOLITAN
CEMETERIES TRUST

ਕਿਰਪਾ ਕਰਕੇ ਆਪਣੀ ਰਾਏ ਦੇਣ ਅਤੇ ਭਾਈਚਾਰਕ ਸੈਸ਼ਨ ਲਈ ਰਜਿਸਟਰ ਕਰਨ ਲਈ, ਇਸ ਕੋਡ ਨੂੰ ਸਕੈਨ ਕਰੋ ਜਾਂ smct.org.au/new-location 'ਤੇ ਜਾਓ।

## ਸਮਾਂ-ਸਾਰਣੀ




## ਅਕਸਰ ਪੁੱਛੇ ਜਾਂਦੇ ਸਵਾਲ

### SMCT ਹੋਰ ਜ਼ਮੀਨ ਕਿਉਂ ਲੱਭ ਰਿਹਾ ਹੈ?

ਦੱਖਣ-ਪੂਰਬੀ ਮੈਲਬੌਰਨ ਦਾ ਵਿਸਤਾਰ ਹੋ ਰਿਹਾ ਹੈ ਅਤੇ ਸਾਡੀ ਆਬਾਦੀ ਦੀ ਉਮਰ ਵੀ ਵੱਧ ਰਹੀ ਹੈ। ਭਵਿੱਖ ਵਿੱਚ ਇਸ ਖੇਤਰ ਵਿੱਚ ਹੋਰ ਜ਼ਿਆਦਾ ਲੋਕਾਂ ਨੂੰ ਦਫ਼ਨਾਉਣ ਅਤੇ ਯਾਦਗਾਰੀ ਸੇਵਾਵਾਂ ਦੀ ਲੋੜ ਪਵੇਗੀ। SMCT ਹੁਣ ਤੋਂ ਹੀ ਯੋਜਨਾ ਬਣਾ ਰਿਹਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਲੋੜੀਂਦੀ ਜਗ੍ਹਾ ਉਪਲਬਧ ਹੋਵੇ।

### ਕਿਹੜੀ ਜ਼ਮੀਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ?

SMCT ਬੈਂਗਹੋਮ ਵਿੱਚ 226-256 ਅਤੇ 306-356 ਪਿੱਲਰਜ਼ ਰੋਡ 'ਤੇ ਸਥਿਤ ਜ਼ਮੀਨ ਨੂੰ ਭਵਿੱਖ ਵਿੱਚ ਯਾਦਗਾਰੀ ਪਾਰਕ ਬਣਾਉਣ ਲਈ ਇੱਕ ਸੰਭਾਵੀ ਥਾਂ ਵਜੋਂ ਵਿਚਾਰ ਰਿਹਾ ਹੈ।

### ਕੀ ਇਸ ਜ਼ਮੀਨ ਤੱਕ ਭਾਈਚਾਰੇ ਦੇ ਲੋਕਾਂ ਦੀ ਪਹੁੰਚ ਹੋਵੇਗੀ?

SMCT ਦੀ ਤਜਵੀਜ਼ ਤਹਿਤ ਨਿੱਜੀ ਜ਼ਮੀਨ ਨੂੰ ਇੱਕ ਅਜਿਹੀ ਖੁੱਲ੍ਹੀ ਜਨਤਕ ਥਾਂ ਵਿੱਚ ਤਬਦੀਲ ਕੀਤਾ ਜਾਵੇਗਾ, ਜਿੱਥੇ ਹਰ ਕੋਈ ਪਹੁੰਚ ਸਕੇਗਾ।

### ਕੀ ਜ਼ਮੀਨ ਖ਼ਰੀਦੀ ਜਾ ਚੁੱਕੀ ਹੈ?

ਨਹੀਂ। ਜ਼ਮੀਨ ਅਜੇ ਖ਼ਰੀਦੀ ਨਹੀਂ ਗਈ ਹੈ। SMCT ਅਜੇ ਵੀ ਇਸ ਗੱਲ ਦਾ ਮੁਲਾਂਕਣ ਕਰ ਰਿਹਾ ਹੈ, ਕਿ ਕੀ ਇਹ ਥਾਂ ਢੁੱਕਵੀਂ ਹੈ ਅਤੇ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਲੋੜੀਂਦੀਆਂ ਮੰਨਜ਼ੂਰੀਆਂ ਲੈਣ ਦੀ ਪ੍ਰਕਿਰਿਆ ਵਿੱਚ ਹੈ।

### ਭਾਈਚਾਰੇ ਨਾਲ ਸਲਾਹ-ਮਸ਼ਵਰਾ ਕਿਉਂ ਕੀਤਾ ਜਾ ਰਿਹਾ ਹੈ?

ਅਸੀਂ ਭਾਈਚਾਰੇ ਦੇ ਵਿਚਾਰਾਂ ਨੂੰ ਸਮਝਣਾ, ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣਾ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੁਣਨਾ ਚਾਹੁੰਦੇ ਹਾਂ। ਭਾਈਚਾਰੇ ਤੋਂ ਮਿਲੀ ਰਾਏ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਮਦਦ ਕਰੇਗੀ।

### ਭਾਈਚਾਰਾ ਕਿਹੜੇ ਮਾਮਲਿਆਂ ਬਾਰੇ ਆਪਣੀ ਰਾਏ ਦੇ ਸਕਦਾ ਹੈ?

ਭਾਈਚਾਰਾ ਸਥਾਨਕ ਮੁੱਦਿਆਂ, ਚਿੰਤਾਵਾਂ, ਮੌਕਿਆਂ ਅਤੇ ਉਮੀਦਾਂ ਬਾਰੇ ਆਪਣੀ ਰਾਏ ਦੇ ਸਕਦਾ ਹੈ। ਇਹ ਰਾਏ ਯੋਜਨਾਬੰਦੀ ਅਤੇ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਮਦਦ ਕਰੇਗੀ।

### ਅੱਗੇ ਕੀ ਹੋਵੇਗਾ?

SMCT ਤਕਨੀਕੀ ਅਧਿਐਨ, ਹਿੱਤਧਾਰਕਾਂ ਨਾਲ ਵਿਚਾਰ-ਵਟਾਂਦਰਾ ਅਤੇ ਯੋਜਨਾਬੰਦੀ ਸੰਬੰਧੀ ਜਾਂਚਾਂ ਜਾਰੀ ਰੱਖੇਗਾ। ਜੇਕਰ ਇਹ ਪ੍ਰੋਜੈਕਟ ਅੱਗੇ ਵੱਧਦਾ ਹੈ, ਤਾਂ ਭਵਿੱਖ ਵਿੱਚ ਇਸ ਥਾਂ ਦੀ ਯੋਜਨਾਬੰਦੀ ਅਤੇ ਡਿਜ਼ਾਈਨ ਬਾਰੇ ਭਾਈਚਾਰੇ ਨੂੰ ਆਪਣੀ ਰਾਏ ਦੇਣ ਦੇ ਹੋਰ ਮੌਕੇ ਮਿਲਣਗੇ।

### ਮੈਂ ਆਪਣੀ ਰਾਏ ਕਿਵੇਂ ਦੇਵਾਂ?

ਹੋਰ ਜਾਣਕਾਰੀ ਪ੍ਰਾਪਤ ਕਰਨ, ਆਪਣੀ ਰਾਏ ਦੇਣ ਅਤੇ ਭਾਈਚਾਰਕ ਸੈਸ਼ਨ ਵਿੱਚ ਹਿੱਸਾ ਲੈਣ ਲਈ ਆਪਣੀ ਦਿਲਚਸਪੀ ਦਰਜ ਕਰਵਾਉਣ ਲਈ, ਕਿਰਪਾ ਕਰਕੇ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ ਜਾਂ smct.org.au/new-location 'ਤੇ ਜਾਓ।



SOUTHERN METROPOLITAN CEMETERIES TRUST

ਕਿਰਪਾ ਕਰਕੇ ਆਪਣੀ ਰਾਏ ਦੇਣ ਅਤੇ ਭਾਈਚਾਰਕ ਸੈਸ਼ਨ ਲਈ ਰਜਿਸਟਰ ਕਰਨ ਲਈ, ਇਸ ਕੋਡ ਨੂੰ ਸਕੈਨ ਕਰੋ ਜਾਂ smct.org.au/new-location 'ਤੇ ਜਾਓ।